# ਕਿੰਨਾ ਸੋਹਣਾ ਲੱਗਦਾ ਬੈਠਾ ਮੋਰ ਦੀ ਸਵਾਰੀ

ਕਿੰਨਾ ਸੋਹਣਾ ਲੱਗਦਾ ਬੈਠਾ ਮੋਰ ਦੀ ਸਵਾਰੀ
============================
*ਹੱਥ ਵਿੱਚ ਚਿਮਟਾ, ਬਗ਼ਲ 'ਚ ਝੋਲੀ,
ਬਾਲਕ ਹੈ ਬ੍ਰਹਮਚਾਰੀ ॥
ਕਿੰਨਾ, ਸੋਹਣਾ ਲੱਗਦਾ, ਬੈਠਾ ਮੋਰ ਦੀ ਸਵਾਰੀ ॥

ਭਗਤਾਂ, ਨੂੰ ਹੈ, ਤਾਰਨ ਆਇਆ ॥
ਦੁੱਖੜੇ, ਸਭ ਦੇ, ਹਾਰਨ ਆਇਆ ॥
*ਦੁਖੀਆਂ ਦੇ ਹੈ, ਦੁੱਖੜੇ ਹਰਦਾ, ਕਲਯੁੱਗ ਦਾ ਅਵਤਾਰੀ,,,
ਕਿੰਨਾ, ਸੋਹਣਾ ਲੱਗਦਾ, ਬੈਠਾ ਮੋਰ ਦੀ ਸਵਾਰੀ ॥

ਮੁੱਖੜਾ, ਏਹਦਾ, ਭੋਲ਼ਾ ਭਾਲਾ ॥
ਮਸਤਕ, ਦਾ ਹੈ, ਤੇਜ਼ ਨਿਰਾਲਾ ॥
*ਮਾਂ ਰਤਨੋ ਦੀਆਂ, ਗਊਆਂ ਚਾਰੇ, ਦੇਖੇ ਦੁਨੀਆਂ ਸਾਰੀ,,,
ਕਿੰਨਾ, ਸੋਹਣਾ ਲੱਗਦਾ, ਬੈਠਾ ਮੋਰ ਦੀ ਸਵਾਰੀ ॥

ਬੈਠੇ, ਬਾਬਾ ਜੀ, ਆਸਣ ਲਾ ਕੇ ॥
ਭਗਤਾਂ, ਨੂੰ ਹੈ, ਨਾਲ ਬਿਠਾ ਕੇ ॥
*ਦਰ ਤੇਰੇ ਤੇ, ਮਹਿਮਾ ਗਾਉਂਦੇ, ਬਣ ਕੇ ਤੇਰੇ ਪੁਜਾਰੀ,,,
ਕਿੰਨਾ, ਸੋਹਣਾ ਲੱਗਦਾ, ਬੈਠਾ ਮੋਰ ਦੀ ਸਵਾਰੀ ॥

https://www.bhajanganga.com/bhajan/lyrics/id/33609/title/KINNA-SOHNA-LAGDA-BAITHA-MOR-DI-SWARI

अपने Android मोबाइल पर BhajanGanga App डाउनलोड करें और भजनों का आनंद ले |